# आसां कदे बंदे दीआं

ਆਸਾਂ ਕਦੇ ਬੰਦੇ ਦੀਆਂ, ਹੁੰਦੀਆਂ ਨਾ ਪੂਰੀਆਂ,
ਕਲਪਦਾ ਵਥੇਰਾ, ਤਾਂ ਵੀ ਰਹਿੰਦੀਆਂ ਅਧੂਰੀਆਂ ॥

ਤਾਂਗੇ ਵਾਲਾ ਕਹਿੰਦਾ, ਮੇਰੇ ਥੱਲੇ ਸੋਹਣੀ ਕਾਰ ਹੋਵੇ ।
ਕਾਰ ਵਾਲਾ ਕਹਿੰਦਾ, ਮੇਰੀ ਹਵਾ 'ਚ ਉੱਡਾਰ ਹੋਵੇ ॥
ਵੇਖ ਕੇ ਜਹਾਨ ਵੱਲ, ਵੱਟਦਾ ਏ ਘੂਰੀਆਂ,
ਕਲਪਦਾ ਵਥੇਰਾ, ਤਾਂ ਵੀ ਰਹਿੰਦੀਆਂ ਅਧੂਰੀਆਂ,,,
ਆਸਾਂ ਕਦੇ ਬੰਦੇ ਦੀਆਂ, ਹੁੰਦੀਆਂ,,,,,,,,,,,,,,,,,,,,,,,,

ਰੋਟੀ ਦਾ ਨਾ ਟੁੱਕ ਕਿਸੇ, ਭੁੱਖੇ ਨੂੰ ਖਿਲਾਇਆ ਤੈਂ ।
ਪਾਣੀ ਦਾ ਨਾ ਘੁੱਟ ਕਿਸੇ, ਪਿਆਸੇ ਨੂੰ ਪਿਲਾਇਆ ਤੈਂ ॥
ਹੁਣ ਕਿੱਥੋਂ ਟੋਹਲਦਾ ਏ, ਮੱਖਣਾਂ ਤੇ ਚੂਰੀਆਂ,
ਕਲਪਦਾ ਵਥੇਰਾ, ਤਾਂ ਵੀ ਰਹਿੰਦੀਆਂ ਅਧੂਰੀਆਂ,,,
ਆਸਾਂ ਕਦੇ ਬੰਦੇ ਦੀਆਂ, ਹੁੰਦੀਆਂ,,,,,,,,,,,,,,,,,,,,,,,,

ਆਖਦੇ ਸਿਆਣੇ ਮਾਇਆ, ਮਾਇਆ ਨੂੰ ਹੈ ਜੋੜਦੀ ।
ਲੱਖ ਪਤੀਆਂ ਨੂੰ ਰਹਿੰਦੀ, ਲੋੜ ਹੈ ਕਰੋੜ ਦੀ ॥
ਹੋਵੇ ਜੇ ਕਰੋੜ ਤਾਂ ਵੀ, ਪੈਂਦੀਆਂ ਨਾ ਪੂਰੀਆਂ,
ਕਲਪਦਾ ਵਥੇਰਾ, ਤਾਂ ਵੀ ਰਹਿੰਦੀਆਂ ਅਧੂਰੀਆਂ,,,
ਆਸਾਂ ਕਦੇ ਬੰਦੇ ਦੀਆਂ, ਹੁੰਦੀਆਂ,,,,,,,,,,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/26081/title/aasa-kade-bande-diya

अपने Android मोबाइल पर BhajanGanga App डाउनलोड करें और भजनों का आनंद ले |